**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ) ਪੰਜਾਬ.ਐਸ.ਏ.ਐਸ ਨਗਰ।**

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ -E,ਛੇਵੀਂ ਮੰਜਿਲ, ਫੇਜ -8 ਐਸ.ਏ.ਐਸ ਨਗਰ

**(Through Website)**

ਵੱਲ,

1. ਸਮੂਹ ਮੰਡਲ ਸਿੱਖਿਆ ਅਫਸਰ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੱ) ਪੰਜਾਬ।
3. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।

ਮੀਮੋ ਨੰ; 15/49-2015 ਕੋ ਸ਼ਾਖਾ (1)/2018825071

ਮਿਤੀ ਚੰਡੀਗੜ੍ਹ 26-06-2018

ਵਿਸ਼ਾ ; **ਸਾਲ 2011 ਵਿੱਚ ਰੀ-ਰਿਵਾਇਜ਼ ਹੋਏ ਸਕੇਲਾਂ ਵਿੱਚ ਸਲਾਨਾ ਤਰੱਕੀ ਦੇਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪੁੱਛਿਆ ਜਾ ਰਿਹਾ ਹੈ ਕਿ ਜਿਨ੍ਹਾਂ ਕੈਟਾਗਰੀਆਂ ਦੇ ਸਕੇਲ ਸਾਲ 2011 ਵਿੱਚ ਦੋ ਵਾਰੀ ਰਿਵਾਇਜ਼ ਹੋਏ ਸਨ, ਉਨ੍ਹਾਂ ਦੀ ਅਗਲੀ ਸਲਾਨਾ ਤਰੱਕੀ ਦੀ ਮਿਤੀ ਕੀ ਹੋਵੇਗੀ ? ਜਿਵੇਂ ਕਿ ਮਾਸਟਰ/ਮਿਸਟ੍ਰੈਸ ਦਾ ਸਕੇਲ ਪਹਿਲਾਂ 01 ਅਕਤੂਬਰ 2011 ਤੋਂ 10300-34800+3600/- ਗ੍ਰੇਡ ਪੇ ਤੋਂ ਵਧਾ ਕੇ 10300-34800+4600/- ਰੁਪਏ ਕੀਤਾ ਗਿਆ ਸੀ ਅਤੇ 01 ਦਸੰਬਰ 2011 ਤੋਂ ਫੇਰ ਰਿਵਾਇਜ਼ ਕਰਕੇ 10300-34800+5000/-ਗ੍ਰੇਡ ਪੇ ਕਰ ਦਿੱਤਾ ਗਿਆ ਸੀ। ਜਿਨ੍ਹਾਂ ਕਰਮਚਾਰੀਆਂ ਦੀ ਤਨਖਾਹ ਦੋਨੋਂ ਰਵੀਜ਼ਨਾਂ ਸਮੇਂ ਤਨਖਾਹ ਸਕੇਲ ਦੀ ਮੁੱਢਲੀ ਸਟੇਜ (Initial) ਤੇ ਨਿਸ਼ਚਿਤ ਹੋਈ ਹੈ, ਉਨ੍ਹਾਂ ਦੀ ਅਗਲੀ ਸਾਲਾਨਾ ਤਰੱਕੀ ਕਿਸ ਮਿਤੀ ਨੂੰ ਲੱਗੇਗੀ ?

ਇਸ ਸਬੰਧੀ ਆਪ ਦਾ ਧਿਆਨ ਇਸ ਦਫਤਰ ਦੇ ਮੀਮੋ ਨੰ: 15/61-2017-ਕੋ ਸੈ(1)/489 ਮਿਤੀ 16-08-17 ਵੱਲ ਦਿਵਾਇਆ ਜਾਂਦਾ ਹੈ ਜਿਸ ਰਾਹੀਂ ਇਹ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਸੀ ਕਿ 2011 ਵਿੱਚ ਮੁੜ ਰਿਵਾਇਜ਼ ਕੀਤੇ ਗਏ ਸਕੇਲਾਂ ਕਾਰਨ ਜਿੱਥੇ ਕਰਮਚਾਰੀ/ਅਧਿਕਾਰੀ ਦੀ ਤਨਖਾਹ ਰਿਵਾਇਜ਼ਡ ਸਕੇਲ ਦੇ (Initial) ਤੇ ਫਿਕਸ ਹੁੰਦੀ ਹੈ ਅਤੇ ਉਨ੍ਹਾਂ ਨੂੰ ਇੱਕ ਤਰੱਕੀ ਜਾਂ ਉਸ ਤੋਂ ਵੱਧ ਦਾ ਲਾਭ ਹੁੰਦਾ ਹੈ, ਉਸ ਕੇਸ ਵਿੱਚ ਸਲਾਨਾ ਤਰੱਕੀ ਰੀਫਿਕਸੇਸ਼ਨ ਦੀ ਮਿਤੀ ਤੋਂ 12 ਮਹੀਨੇ ਤੋਂ ਬਾਅਦ ਲੱਗੇਗੀ।

ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲ ਮੁੱਖੀਆ ਵੱਲੋਂ ਮਿਤੀ 16-08-2017 ਦੇ ਸਪੱਸ਼ਟੀਕਰਨ ਅਨੁਸਾਰ ਤਨਖਾਹਾਂ ਵਿੱਚ ਸੋਧ ਨਹੀ ਕੀਤੀ ਗਈ। ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਧਿਆਪਕਾਂ ਦੀ ਤਨਖਾਹ 01-12-11 ਨੂੰ 10300-34800+5000 ਗ੍ਰੇਡ ਪੇ ਦੇ ਸਕੇਲ ਦੀ ਮੁੱਢਲੀ ਸਟੇਜ਼18450/-ਰੁਪਏ ਤੇ ਨਿਸ਼ਚਿਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਪਿਛਲੀ ਸਲਾਨਾ ਤਰੱਕੀ ਦੀ ਮਿਤੀ ਦੀ ਤਨਖਾਹ ਨਾਲ ਤੁਲਨਾ ਕਰਨ ਤੇ 1 ਸਲਾਨਾ ਤਰੱਕੀ ਜਾਂ ਉਸ ਤੋਂ ਵੱਧ ਦਾ ਵਿੱਤੀ ਲਾਭ ਹੋਇਆ ਹੋਵੇ, ਉਸਦੀ ਅਗਲੀ ਸਲਾਨਾ ਤਰੱਕੀ 01-12-2012 ਨੂੰ ਲੱਗੇਗੀ।

ਆਪ ਦੇ ਅਧੀਨ ਆਉਂਦੇ ਸਾਰੇ ਕਰਮਚਾਰੀਆਂ ਵਿਸ਼ੇਸ਼ ਕਰਕੇ ਉਹ ਅਧਿਆਪਕ ਜੋ ਮਿਤੀ 01-04-2011 ਨੂੰ ਸਿੱਖਿਆ ਪ੍ਰੋਵਾਇਡਰਾਂ ਤੋਂ ਨਿਯਮਤ ਕੀਤੇ ਗਏ ਸਨ, ਦੀਆਂ ਤਨਖਾਹਾਂ ਉਪਰੋਕਤ ਸਪੱਸ਼ਟੀਕਰਨ ਅਨੁਸਾਰ ਚੈੱਕ/ਰੀ-ਫਿਕਸ ਕੀਤੀਆਂ ਜਾਣ। ਰੀ-ਫਿਕਸ ਕਰਨ ਤੇ ਜੇਕਰ ਵਾਧੂ ਅਦਾਇਗੀ ਪਾਈ ਜਾਂਦੀ ਹੈ ਤਾਂ ਉਹ ਰਿਕਵਰੀ ਕੀਤੀ ਜਾਵੇ।

ਇਨ੍ਹਾਂ ਹਦਾਇਤਾਂ ਦੀ ਪਾਲਨਾ ਯਕੀਨੀ ਬਣਾਈ ਜਾਵੇ।

26/6/18

ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ)
ਪੰਜਾਬ ਐਸ.ਏ.ਐਸ ਨਗਰ